# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times | 30 ਜੁਲਾਈ 2025 ਦਿਨ ਬੁੱਧਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## 'ਜਿਸ ਘਰ ਧੀਆਂ, ਉਸ ਘਰ ਤੀਆਂ' ਪ੍ਰੋਗਰਾਮ ਕਰਵਾਇਆ
### ਖੀਰ ਪੂੜਿਆਂ ਦਾ ਲੰਗਰ ਲਾਇਆ

ਵਰਲਡ ਪੰਜਾਬੀ ਟਾਈਮਜ਼ ਹਰਦੇਵ ਚੌਹਾਨ

ਚੰਡੀਗੜ੍ਹ, 30 ਜੁਲਾਈ : 'ਜਿਸ ਘਰ ਧੀਆਂ, ਉਸ ਘਰ ਤੀਆਂ' ਦੇ ਥੀਨਰ ਹੇਠ ਚੰਨੀ ਸੱਭਿਆਚਾਰਕ ਮੰਚ ਦੇ ਪ੍ਰਧਾਨ ਸਵਰਨ ਸਿੰਘ ਚੰਨੀ ਅਤੇ ਪੰਜਾਬੀ ਕਲਾ ਕੇਂਦਰ ਦੇ ਪ੍ਰਧਾਨ ਬਲਕਾਰ ਸਿੰਘ ਸਿੱਧੂ ਵੱਲੋਂ ਸੈਕਟਰ 42 ਚੰਡੀਗੜ੍ਹ ਦੀ ਝੀਲ 'ਤੇ ਤੀਆਂ ਦਾ ਤਿਉਹਾਰ ਬੜੀ ਧੂਮ ਧਾਮ ਨਾਲ ਮਨਾਇਆ ਗਿਆ।ਇਸ ਸ਼ਾਨਦਾਰ ਪ੍ਰੋਗਰਾਮ ਨੂੰ ਨੇਪਰੇ ਚਾੜਨ ਲਈ ਉਹਨਾਂ ਦੀ ਟੀਮ ਮੈਂਬਰ ਰੋਸ਼ਨ ਸਿੰਘ, ਸ਼ਮਸ਼ੇਰ ਸਿੰਘ, ਐਡਵੋਕੇਟ ਪਰਮਿੰਦਰ ਸਿੰਘ, ਤਜਿੰਦਰ ਸਿੰਘ ਧਾਲੀਵਾਲ, ਮਾਸਟਰ ਬਲਵੀਰ ਸਿੰਘ, ਰਵਿੰਦਰ ਸ਼ਰਮਾ, ਜਗਤਾਰ ਸਿੰਘ, ਮੋਹਿਤ ਕੁਮਾਰ, ਢੋਲੀ ਫਕੀਰ ਚੰਦ ਰਾਜੂ ਕਬੀਰ ਖੋਸਲਾ ਅਤੇ ਚੰਦਰ ਲਤਾ ਆਦਿ ਮੈਂਬਰਾਂ ਨੇ ਪੂਰਾ ਸਹਿਯੋਗ ਦਿੱਤਾ। ਪ੍ਰੋਗਰਾਮ ਦੇ ਮੁੱਖ ਮਹਿਮਾਨ ਹਰਦੀਪ ਸਿੰਘ ਕੌਂਸਲਰ ਚੰਡੀਗੜ੍ਹ ਅਤੇ ਜਸਵੀਰ ਸਿੰਘ ਬੰਟੀ ਸੀਨੀਅਰ ਡਿਪਟੀ ਮੇਅਰ ਚੰਡੀਗੜ੍ਹ ਨੇ ਹਾਜ਼ਰੀ ਲਵਾਈ ਅਤੇ ਧੀਆਂ ਨੂੰ ਕੁਖ ਵਿੱਚ ਮਾਰਨ ਵਾਲਿਆਂ ਨੂੰ ਤੀਆਂ ਦੇ ਤਿਉਹਾਰ ਬਾਰੇ ਚਾਨਣਾ ਪਾਇਆ। ਕੌਂਸਲਰ ਹਰਜੀਤ ਸਿੰਘ ਭੋਲੂ ਸੁਹਾਣਾ ਮੋਹਾਲੀ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ।

ਪ੍ਰੋਗਰਾਮ ਦੀ ਸ਼ੁਰੂਆਤ ਜਗਜੀਤ ਸਿੰਘ ਬਡਾਲੀ ਦੇ ਧਾਰਮਿਕ ਗੀਤ ਨਾਲ ਕੀਤੀ ਗਈ। ਗੁਰਵਿੰਦਰ ਸਿੰਘ ਗੈਰੀ ਮੰਨਤ ਬਾਜਵਾ ਨੇ ਪ੍ਰੋਗਰਾਮ ਦੀ ਸ਼ੁਰੂਆਤ ਤੀਆਂ ਦੇ ਗੀਤ ਗਾ ਕੇ ਮਾਹੌਲ ਦਾ ਰੁਖ ਬਦਲ ਦਿੱਤਾ। ਆਸਮੀਨ ਕੌਰ, ਸਿਮਰਨਜੀਤ ਕੌਰ, ਅੰਮ੍ਰਿਤ ਕੌਰ ਤੇ ਅਮਨਜੋਤ ਕੌਰ ਨੇ ਤੀਆਂ ਦੇ ਗੀਤ ਗਾ ਕੇ ਰੰਗ ਬੰਨਿਆ। ਕਲੱਬ ਦੀਆਂ ਮਹਿਲਾ ਮੈਂਬਰਾਂ ਨੇ ਝੀਲ ਦੇ ਆਲੇ ਦੁਆਲੇ ਝੂੰਮਰ, ਲੁੱਡੀ ਡਾਂਸ,
ਤੇ ਬੋਲੀਆਂ ਨਾਲ ਸਾਰਿਆਂ ਨੂੰ ਨੱਚਣ ਲਾ ਦਿੱਤਾ।
ਚੰਡੀਗੜ੍ਹ ਪੁਲਿਸ ਦੇ ਸਾਬਕਾ ਇੰਸਪੈਕਟਰ ਸੁਖਦੇਵ ਸਿੰਘ ਨੇ ਵੀ ਬੋਲੀਆਂ ਅਤੇ ਗੀਤ ਗਾ ਕੇ ਸਭ ਨੂੰ ਝੂਮਣ ਲਾ ਦਿੱਤਾ। ਇੰਟਰਨੈਸ਼ਨਲ ਢੋਲੀ ਜਸਵੀਰ ਸਿੰਘ ਮੀਕਾ, ਮੈਡਮ ਬਬੀਤਾ ਅਤੇ ਛੋਟੀ ਬੱਚੀ ਅਮਾਇਰਾ ਦਾ ਜਨਮ ਦਿਨ ਮਨਾਇਆ ਗਿਆ ਅਤੇ ਕੇਕ ਕੱਟ ਕੇ ਖੁਸ਼ੀ ਸਾਂਝੀ ਕੀਤੀ ਗਈ। ਮੰਚ ਦੇ ਪ੍ਰਧਾਨ ਵੱਲੋਂ ਜਸਵੀਰ ਸਿੰਘ ਬੰਟੀ ਸੀਨੀਅਰ ਡਿਪਟੀ ਮੇਅਰ ਅਤੇ ਹਰਦੀਪ ਸਿੰਘ ਐਮਸੀ ਬਟੇਲਾ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਰਮੇਸ਼ ਵਰਮਾ, ਸੁਖਦੇਵ ਸਿੰਘ ਇੰਸਪੈਕਟਰ ,ਜਗਜੀਤ ਸਿੰਘ ਬਡਾਲੀ, ਸ਼ਰਨਜੀਤ ਕੌਰ, ਜਸਵੀਰ ਕੌਰ, ਬਲਵਿੰਦਰ ਸਿੰਘ, ਹਰਜੀਤ ਸਿੰਘ ਭੋਲੂ ਸੁਹਾਣਾ, ਰਣਜੀਤ ਸਿੰਘ ਰਾਣਾ ਸੁਹਾਣਾ, ਪਰਮਿੰਦਰ ਸਿੰਘ ਪੈਰੀ, ਅਰਵਿੰਦਰ ਕੌਰ ਸੋਨੂ, ਗੁਰਵਿੰਦਰ ਗੈਰੀ, ਮੰਨਤ ਬਾਜਵਾ, ਰਾਖੀ ਸੁਬਰਾਮਨੀਅਮ, ਸਰਬਜੀਤ ਸਿੰਘ ਏਆਰਟੀਓ, ਸਰਬਜੀਤ ਕੌਰ ਢਿੱਲੋ, ਸੁਖਬੀਰ ਕੌਰ, ਉਸ਼ਾ ਚਾਵਲਾ, ਜਗਦੇਵ ਸਿੰਘ, ਲੱਕੀ ਕਲਸੀ, ਅੰਮ੍ਰਿਤ ਪਾਲ ਸਿੰਘ ਤੇ ਨਰਿੰਦਰ ਪਾਲ ਸਿੰਘ ਨੂੰ ਸਨਮਾਨਿਤ ਕੀਤਾ ਗਿਆ।
ਸਟੇਜ ਦੀ ਕਾਰਵਾਈ ਮਾਸਟਰ ਬਲਵੀਰ ਸਿੰਘ ਅਤੇ ਬਲਕਾਰ ਸਿੰਘ ਸਿੱਧੂ ਵੱਲੋਂ ਬਾਖੂਬੀ ਨਿਭਾਈ ਗਈ। ਪੀਂਘਾਂ ਝੂਟਣ ਦਾ ਸਪੈਸ਼ਲ ਪ੍ਰਬੰਧ ਕੀਤਾ ਗਿਆ। ਅੰਤ ਵਿੱਚ ਪ੍ਰੋਗਰਾਮ ਦੀ ਸਮਾਪਤੀ ਤੇ ਖੀਰ ਪੂੜਆਂ ਦਾ ਲੰਗਰ ਵਰਤਾਇਆ ਗਿਆ। ਸਵਰਨ ਸਿੰਘ ਚੰਨੀ ਵੱਲੋਂ ਅੱਗੇ ਤੋਂ ਵੀ ਅਜਿਹੇ ਪ੍ਰੋਗਰਾਮ ਜਾਰੀ ਰੱਖਣ ਦਾ ਵਾਅਦਾ ਕੀਤਾ ਗਿਆ।

## ਗੁਰੂ ਦਖਸ਼ ਪ੍ਰਜਾਪਤੀ ਜੀ ਦਾ ਜਨਮ ਦਿਹਾੜਾ ਧੂਮਧਾਮ ਨਾਲ ਮਨਾਇਆ ਗਿਆ
### ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਤੋਂ ਪੁੱਜੇ ਅਨੇਕਾਂ ਬੁਲਾਰਿਆਂ ਨੇ ਕੀਤਾ ਸੰਬੋਧਨ
### ਬਾਕੀ ਰਾਜਾਂ ਦੀ ਤਰ੍ਹਾਂ ਪੰਜਾਬ 'ਚ ਵੀ ਲਾਗੂ ਹੋਵੇ ਮੰਡਲ ਕਮਿਸ਼ਨ ਦੀ ਰਿਪੋਰਟ : ਪੱਪੀ/ਗੁਰਮੀਤ/ਪਵਨ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਲੁਧਿਆਣਾ 30 ਜੁਲਾਈ : ਪੰਜਾਬੀ ਦੀ ਨਾਮਵਰ ਗ਼ਜ਼ਲਗੋ ਅਤੇ ਨੈਸ਼ਨਲ ਤੇ ਸਟੇਟ ਅਵਾਰਡੀ ਅਧਿਆਪਕਾ (ਸੇਵਾ ਮੁਕਤ) ਡਾ. ਗੁਰਚਰਨ ਕੌਰ ਕੋਚਰ ਜੋ ਪੰਜਾਬੀ ਸਾਹਿਤ ਅਕਾਡਮੀ ਦੀ ਉਪ ਪ੍ਰਧਾਨ ਵੀ ਹਨ ਦੀ ਅਗਵਾਈ ਹੇਠ ਸਥਾਨਕ ਪੰਜਾਬੀ ਭਵਨ ਦੇ ਰਾਣਾ ਦਲਜੀਤ ਸਿੰਘ ਸੈਮੀਨਾਰ ਹਾਲ ਵਿਖੇ ਅੱਜ ਪੰਜਾਬੀ ਲੇਖਕ ਕਲਾਕਾਰ ਸੁਸਾਇਟੀ ਲੁਧਿਆਣਾ ਵਲੋਂ ਪੰਜਾਬੀ ਸਾਹਿਤ ਅਕਾਡਮੀ ਦੇ ਸਹਿਯੋਗ ਨਾਲ ਇੰਜੀ. ਜੇ. ਬੀ. ਸਿੰਘ ਕੋਚਰ ਯਾਦਗਾਰੀ ਦੂਸਰਾ ਸਾਲਾਨਾ ਪੁਰਸਕਾਰ ਵੰਡ ਸਮਾਰੋਹ ਕਰਵਾਇਆ ਗਿਆ ਜਿਸ ਦੌਰਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਭਾਗ ਦੇ ਮੁਖੀ ਅਤੇ ਸਾਹਿਤਕਾਰਾ ਡਾਕਟਰ ਰਾਜਵੰਤ ਕੌਰ ਪੰਜਾਬੀ, ਉੱਘੇ ਸਾਹਿਤਕਾਰ ਅਤੇ ਸੇਵਾ ਮੁਕਤ ਸਰਕਾਰੀ ਉੱਚ ਅਧਿਕਾਰੀ ਭਗਤ ਰਾਮ ਰੰਗਾੜਾ ਨੂੰ ਇੰਜੀ. ਜੇ. ਬੀ ਸਿੰਘ ਕੋਚਰ ਵਿਸ਼ੇਸ਼ ਯਾਦਗਾਰੀ ਪੁਰਸਕਾਰ ਅਤੇ ਇੰਜੀ. ਜੇ ਬੀ ਸਿੰਘ ਕੋਚਰ ਯਾਦਗਾਰੀ ਯੁਵਾ ਪੁਰਸਕਾਰ ਸ਼ਾਇਰ ਰਮਨ ਸੰਧੂ ਨੂੰ ਭੇਟ ਕੀਤੇ ਗਏ ਜਦਕਿ ਨਾਮਵਰ ਬਜ਼ੁਰਗ ਸਾਹਿਤਕ ਸ਼ਖ਼ਸੀਅਤ ਤੇ ਪ੍ਰਸਿੱਧ ਗ਼ਜ਼ਲਗੋ ਸਿਰੀ ਰਾਮ ਅਰਸ਼ ਜਿਨ੍ਹਾਂ ਦੀ ਤਬੀਅਤ ਨਾਸਾਜ਼ ਹੋਣ ਕਾਰਨ ਨਹੀਂ ਪਧਾਰ ਸਕੇ ਉਨ੍ਹਾਂ ਦੀ ਤਰਫੋਂ ਉਨ੍ਹਾਂ ਦੀ ਨੂੰਹ ਰੀਟਾ ਦੇਵੀ ਅਤੇ ਪੋਤਰੇ ਨਕੁਲ ਨੇ ਇੰਜੀ. ਜੇ ਬੀ ਸਿੰਘ ਕੋਚਰ ਯਾਦਗਾਰੀ ਪੁਰਸਕਾਰ ਪ੍ਰਾਪਤ ਕੀਤਾ । ਪੁਰਸਕਾਰਾਂ ਵਿਚ ਕੁਝ ਧਨ ਰਾਸ਼ੀ, ਦੇਸ਼ਾਲੇ/ਫੁਲਕਾਰੀਆਂ, ਯਾਦਗਾਰੀ ਚਿੰਨ੍ਹ ਅਤੇ ਸਨਮਾਨ ਪੱਤਰ ਦੇ ਕੇ ਨਵਾਜਿਆ ਗਿਆ। ਸਮਾਰੋਹ ਦੇ ਪ੍ਰਧਾਨਗੀ ਮੰਡਲ ਵਿਚ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਜਸਵੰਤ ਜ਼ਫ਼ਰ, ਪੰਜਾਬੀ ਸਾਹਿਤ ਅਕਾਦਮੀ ਦੇ ਜ. ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ, ਪੰਜਾਬੀ ਸਾਹਿਤ ਅਕਾਡਮੀ ਦੇ ਸਾਬਕਾ ਪ੍ਰਧਾਨ ਡਾ. ਲਖਵਿੰਦਰ ਜੋਹਲ ਤੇ ਪ੍ਰੋਫੈਸਰ ਰਵਿੰਦਰ ਭੱਠਲ, ਸਾਹਿਤਕਾਰਾ ਮਨਜੀਤ ਇੰਦਰਾ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਕੇਂਦਰੀ ਪੰਜਾਬੀ ਲੇਖਕ ਸਭਾ (ਸੋਵੋ) ਦੇ ਸੀਨੀਅਰ ਮੀਤ ਪ੍ਰਧਾਨ ਡਾਕਟਰ ਜੋਗਿੰਦਰ ਸਿੰਘ ਨਿਰਾਲਾ, ਡਾਕਟਰ ਬਲਬੀਰ ਸਿੰਘ ਸੈਣੀ ਆਦਿ ਬਿਰਾਜਮਾਨ ਸਨ । ਸ੍ਰਰ. ਇੰਜੀ. ਜੇ. ਬੀ. ਸਿੰਘ ਕੋਚਰ ਜੋ ਡਾਕਟਰ ਗੁਰਚਰਨ ਕੌਰ ਕੋਚਰ ਦੇ ਕੇਵਲ ਪਤੀ ਹੀ ਨਹੀਂ ਸਨ ਸਗੋਂ ਇਕ ਉੱਚੇ ਤੇ ਸੁੱਚੇ ਕਿਰਦਾਰ ਵਾਲੇ ਸਮਾਜ ਸੇਵੀ ਹੋਣ ਦੇ ਨਾਲ ਕਲਾ ਤੇ ਸਾਹਿਤ ਦੇ ਪ੍ਰੇਮੀ ਵੀ ਸਨ ਦੀ ਯਾਦ ਵਿੱਚ ਇਹ ਪੁਰਸਕਾਰ ਸਾਹਿਤ ਅਤੇ ਸਮਾਜ ਤੇ ਵਿਦਿਆ ਦੇ ਖੇਤਰ ਵਿਚ ਵੱਡਮੁੱਲਾ ਯੋਗਦਾਨ ਪਾਉਣ ਵਾਲੀਆਂ ਸ਼ਖ਼ਸੀਅਤਾਂ ਨੂੰ ਉਤਸ਼ਾਹਿਤ ਕਰਨ ਲਈ ਕੋਚਰ ਪ੍ਰਵਾਰ ਵਲੋਂ ਸਥਾਪਿਤ ਕੀਤੇ ਗਏ ਹਨ। ਪੁਰਸਕਾਰ ਪ੍ਰਾਪਤ ਸ਼ਖ਼ਸੀਅਤਾਂ ਬਾਰੇ ਸਨਮਾਨ ਪੱਤਰ ਕੇ ਸਾਧੂ ਸਿੰਘ, ਡਾ. ਅਰਵਿੰਦਰ ਕੌਰ ਕਾਕੜਾ, ਅੰਜੂ ਅਮਨਦੀਪ ਗਰੋਵਰ ਅਤੇ ਤਰਲੋਚਨ ਲੋਚੀ ਵਲੋਂ ਬੜੀ ਸ਼ਿੱਦਤ ਨਾਲ ਪੜ੍ਹੇ ਗਏ। ਪ੍ਰਸਿੱਧ ਸਾਹਿਤਕਾਰਾਂ ਡਾ. ਫ਼ਕੀਰ ਚੰਦ ਸ਼ੁਕਲਾ ਅਤੇ ਅਮਰੀਕ ਸਿੰਘ ਤਲਵੰਡੀ ਵਲੋਂ ਮਰਹੂਮ ਇੰਜੀ ਜੇ ਬੀ ਸਿੰਘ ਕੋਚਰ ਨਾਲ ਬਿਤਾਏ ਯਾਦਗਾਰੀ ਪਲਾਂ ਨੂੰ ਸਾਂਝਿਆਂ ਕੀਤਾ ਗਿਆ। ਵਿਸ਼ੇਸ਼ ਮਹਿਮਾਨਾਂ ਵਿਚ ਸਰਦਾਰ ਪੰਛੀ, ਸ਼੍ਰੋਮਣੀ ਲਿਖਾਰੀ ਬੋਰਡ ਰਜਿ ਦੇ ਪ੍ਰਧਾਨ ਪ੍ਰਭ ਕਿਰਨ ਸਿੰਘ, ਡਾ. ਸੰਦੀਪ ਸ਼ਰਮਾ, ਅਰਪਿੰਦਰ ਸੰਧੂ, ਡਾ ਹਰੀ ਸਿੰਘ ਜਾਚਕ, ਹਰਕੇਸ਼ ਮਿੱਤਲ, ਪਾਲ ਗੁਰਦਾਸਪੁਰੀ, ਰਵਿੰਦਰ ਰਵੀ, ਸਾਗਰ ਸਿਆਲਕੋਟੀ, ਤਰਸੇਮ ਨੂਰ, ਸੁਨੀਲ ਸ਼ਰਮਾ, ਰਾਜ਼ ਗੁਰਦਾਸਪੁਰੀ, ਬਿਸ਼ਨ ਦਾਸ, ਜਨਮੇਜਾ ਸਿੰਘ ਜੌਹਲ, ਜਗਜੀਤ ਕਾਫ਼ਿਰ, ਡਾ ਸਾਧੂ ਰਾਮ ਲੰਗਿਆਣਾ, ਡਾ ਜਗਤਾਰ ਧੀਮਾਨ, ਡਾ ਰਮਨਦੀਪ ਸਿੰਘ ਦੀਪ, ਸੁਖਦਰਸ਼ਨ ਗਰਗ, ਅਮਰਜੀਤ ਸਿੰਘ ਜੀਤ, ਡਾ ਗੁਰਚਰਨ ਗਾਂਧੀ, ਮੋਹੀ ਅਮਰਜੀਤ, ਰਾਮ ਲਾਲ ਭਗਤ, ਮਨਦੀਪ ਕੌਰ ਭਦੌੜ, ਪ੍ਰਿੰਸੀਪਲ ਇੰਦਰਜੀਤ ਪਾਲ ਕੌਰ, ਪ੍ਰੋਫੈਸਰ ਸ਼ਰਨਜੀਤ ਕੌਰ, ਸੁਖਦੇਵ ਸਿੰਘ ਗੰਢਵਾਂ, ਗੁਰਚਰਨ ਧੰਜੂ, ਅਜਮੇਰ ਸਿੰਘ ਦੀਵਾਨਾ, ਅਸ਼ੋਕ ਭੰਡਾਰੀ, ਸੋਮ ਨਾਥ, ਗੁਰਦਾਸ ਸਿੰਘ ਦਾਸ ,ਜਸਬੀਰ ਸਿੰਘ ਸੋਹਲ, ਪ੍ਰਮਜੀਤ ਕੌਰ ਮਹਿਕ, ਕੁਲਵਿੰਦਰ ਕਿਰਨ, ਜਸਵਿੰਦਰ ਕੌਰ ਜੱਸੀ, ਗੁਰਮੀਤ ਕੌਰ, ਪ੍ਰਵਿੰਦਰ ਕੌਰ ਲੋਟੇ, ਜਗਦੀਸ਼ ਰਾਣਾ, ਸੁਰਜੀਤ ਸਿੰਘ ਜੀਤ, ਇੰਦਰਜੀਤ ਸਿੰਘ ਥਿੰਦ ਸਮੇਤ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਤੋਂ ਆਏ ਪਤਵੰਤੇ ਸੱਜਣ ਸ਼ਾਮਲ ਸਨ । ਇਸ ਮੌਕੇ ਕਰਵਾਏ ਗਏ ਕਵੀ ਦਰਬਾਰ ਵਿਚ ਸਹਿਜਪ੍ਰੀਤ ਮਾਂਗਟ, ਦੀਪਕ ਸ਼ਰਮਾ ਚਨਾਰਥਲ, ਜਸਪ੍ਰੀਤ ਅਮਲਤਾਸ, ਸੁਰਿੰਦਰ ਜੈਪਾਲ, ਪ੍ਰਭਜੋਤ ਸੋਹੀ, ਜੋਗਿੰਦਰ ਨੂਰ ਮੀਤ, ਕੋਮਲ ਦੀਪ, ਹਰਲੀਨ ਸੋਨਾ, ਕਰਮਜੀਤ ਸਿੰਘ ਗਰੇਵਾਲ, ਹਰਸਿਮਰਤ ਕੌਰ, ਰਾਜਦੀਪ ਤੂਰ, ਰਮਨਦੀਪ ਕੌਰ ਥਾਜਾਖਾਨਾ, ਮੀਤ ਅਨਮੋਲ, ਡਾ ਇਰਾਦੀਪ ਤ੍ਰੇਹਨ, ਰਾਕੇਸ਼ ਤੇਜਪਾਲ ਜਾਨੀ, ਰਣਜੀਤ ਸਵੀ, ਦੀਪ ਜਗਦੀਪ ਸਿੰਘ, ਗੁਰਮੀਤ ਬੱਬੀ ਥਾਜਾਖਾਨਾ, ਗੁਰਵਿੰਦਰ ਸਿੰਘ ਸ਼ੇਰਗਿੱਲ, ਏਕਤਾ ਭੂਪਾਲ ਸਿੰਘ, ਦੀਪ ਲੁਧਿਆਣਵੀ, ਨੀਲੂ ਬੱਗਾ, ਇੰਦਰਜੀਤ ਕੌਰ ਲੋਟੇ, ਰਜਨੀਸ਼ ਭੱਟੀ ਮਨਜੀਤ ਕੌਰ ਧੀਮਾਨ, ਜ਼ੋਰਦਾਰ ਸਿੰਘ ਪੰਛੀ, ਡਾ ਅਮਨਪ੍ਰੀਤ ਕੌਰ ਕੰਗ, ਸੁਖਬੀਰ ਸੰਧੋ, ਗੁਰਦੀਪ ਸੈਣੀ, ਬਿੰਦਰ ਮਾਝੀ ਆਦਿ ਨੇ ਆਪਣੀਆਂ ਰਚਨਾਵਾਂ ਰਾਹੀਂ ਖੂਬ ਰੰਗ ਬੰਨ੍ਹਿਆ । ਸੁਖਵਿੰਦਰ ਅਨਹਦ ਅਤੇ ਪ੍ਰਮਿੰਦਰ ਅਲਥੇਲਾ ਨੇ ਸਾਂਝੇ ਤੌਰ ਤੋਂ ਤੌਰ ਬੜੀ ਤਰਤੀਬ ਨਾਲ ਮੰਚ ਸੰਚਾਲਨ ਕੀਤਾ ਜਦਕਿ ਆਏ ਸਮੂੰਚੇ ਮਹਿਮਾਨਾਂ ਅਤੇ ਕਵੀਆਂ/ਕਵਿਤਰੀਆਂ ਨੂੰ ਵੀ ਯਾਦਗਾਰੀ ਚਿੰਨ੍ਹ ਦੇਸ਼ਾਲੇ/ਫੁਲਕਾਰੀਆਂ ਦੇ ਕੇ ਸਨਮਾਨਿਤ ਕੀਤਾ ਗਿਆ।

## ਜੱਚਾ-ਬੱਚਾ ਹਸਪਤਾਲ ਤੇ ਜੀ.ਐਨ.ਐਮ ਟ੍ਰੇਨਿੰਗ ਸਕੂਲ ਦੇ ਬੱਚਿਆਂ ਨੂੰ ਹੈਪੇਟਾਇਟਿਸ ਬਾਰੇ ਕੀਤਾ ਜਾਗਰੂਕ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ

ਬਠਿੰਡਾ, 30 ਜੁਲਾਈ : ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਿਸ਼ਵ ਹੈਪੇਟਾਇਟਿਸ ਦਿਵਸ ਦੇ ਮੱਦੇਨਜ਼ਰ ਜੱਚਾ-ਬੱਚਾ ਹਸਪਤਾਲ ਅਤੇ ਜੀ.ਐਨ.ਐਮ ਟ੍ਰੇਨਿੰਗ ਸਕੂਲ ਦੇ ਬੱਚਿਆਂ ਨੂੰ ਹੈਪੇਟਾਇਟਿਸ ਬਾਰੇ ਜਾਗਰੂਕ ਕੀਤਾ ਗਿਆ।
ਸਿਵਲ ਸਰਜਨ ਡਾ. ਰਮਨਦੀਪ ਸਿੰਗਲਾ ਅਗਵਾਈ ਹੇਠ ਜ਼ਿਲ੍ਹਾ ਸਿਹਤ ਅਫ਼ਸਰ ਅਤੇ ਨੋਡਲ ਅਫ਼ਸਰ ਹੈਪੇਟਾਇਟਿਸ ਡਾ ਉਸ਼ਾ ਗੋਇਲ ਨੇ ਦੱਸਿਆ ਕਿ ਹੈਪੇਟਾਇਟਿਸ ਇਕ ਜਿਗਰ ਦੀ ਬਿਮਾਰੀ ਹੈ ਜੋ ਕਿ ਵਾਇਰਸ ਰਾਹੀਂ ਫੈਲਦੀ ਹੈ। ਇਹ ਬਿਮਾਰੀ ਦੀਆਂ ਪੰਜ ਕਿਸਮਾਂ ਹੈਪੇਟਾਈਟਸ ਏ, ਬੀ, ਸੀ, ਡੀ ਅਤੇ ਈ ਹਨ। ਉਨ੍ਹਾਂ ਦੱਸਿਆ ਕਿ ਹੈਪੇਟਾਈਟਸ ਬੀ ਅਤੇ ਸੀ ਜ਼ਿਆਦਾ ਖਤਰਨਾਕ ਹਨ। ਹੈਪੇਟਾਈਟਸ- ਬੀ ਅਤੇ ਸੀ ਨੂੰ ਕਾਲਾ ਪੀਲੀਆ ਵੀ ਕਿਹਾ ਜਾਂਦਾ ਹੈ, ਇਸ ਦੀ ਚਪੇਟ ਵਿੱਚ ਜਦੋਂ ਕੋਈ ਵਿਅਕਤੀ ਆਉਂਦਾ ਹੈ ਤਾਂ ਉਸ ਨੂੰ ਹਲਕਾ ਬੁਖਾਰ, ਮਾਸਪੇਸ਼ੀਆਂ ਵਿੱਚ ਦਰਦ, ਕਮੇਜਰੀ, ਉਲਟੀਆਂ ਆਉਣਾ ਅਤੇ ਭੁੱਖ ਨਹੀਂ ਲਗਣਾ ਆਦਿ ਲੱਛਣ ਨਜ਼ਰ ਆਉਂਦੇ ਹਨ।

ਉਨ੍ਹਾਂ ਕਿਹਾ ਕਿ ਹੈਪੇਟਾਈਟਸ ਸੀ ਅਤੇ ਬੀ ਦਾ ਇਲਾਜ, ਬੇਸਲਾਈਨ ਟੈਸਟ ਅਤੇ ਵਾਇਰਲ ਲੋਡ ਟੈਸਟ ਰਾਜ ਦੇ ਜ਼ਿਲ੍ਹਾ ਹਸਪਤਾਲਾਂ, 3 ਸਰਕਾਰੀ ਮੈਡੀਕਲ ਕਾਲਜਾਂ, ਏ.ਆਰ.ਟੀ. ਕੇਂਦਰਾਂ ਅਤੇ ਓ.ਐਸ.ਟੀ. ਕੇਂਦਰਾਂ ਅਤੇ ਸਬ ਡਵੀਜਨਲ ਹਸਪਤਾਲਾਂ ਵਿਖੇ ਮੁਫਤ ਕੀਤਾ ਜਾਂਦਾ ਹੈ। ਹੈਪੇਟਾਈਟਸ ਤੋਂ ਬਚਾਅ ਲਈ ਬੱਚਿਆਂ ਦਾ ਹੈਪੇਟਾਈਟਸ ਬੀ ਦੇ ਟੀਕਾਕਰਣ ਦੀ ਮਹੱਤਤਾ ਦੱਸਦੇ ਹੋਏ ਟੀਕਾਕਰਨ ਹੋਣਾ ਜ਼ਰੂਰੀ ਹੈ ਜੋ ਕਿ ਸਿਹਤ ਵਿਭਾਗ ਵਲੋਂ ਬੱਚਿਆਂ ਦੀ ਟੀਕਾਕਰਨ ਸੂਚੀ ਵਿੱਚ ਸ਼ਾਮਲ ਹੈ ਅਤੇ ਮੁਫ਼ਤ ਲਗਾਇਆ ਜਾਂਦਾ ਹੈ। ਡਿਪਟੀ ਮਾਸ ਮੀਡੀਆ ਅਫ਼ਸਰ ਮਲਕੀਤ ਕੌਰ ਅਤੇ ਰੋਹਿਤ ਪਾਲ ਨੇ ਦੱਸਿਆ ਕਿ ਹੈਪਾਟਾਈਟਸ ਏ ਅਤੇ ਈ ਦੂਸ਼ਿਤ ਪਾਣੀ ਪੀਣ ਅਤੇ ਗਲੇ ਸੜੇ ਫਲ ਖਾਣ ਨਾਲ, ਮੱਖੀਆਂ ਦੁਆਰਾ ਅਤੇ ਬਿਨ੍ਹਾਂ ਹੱਥ ਧੋਏ ਖਾਣਾ ਖਾਣ ਨਾਲ ਫੈਲਦੀ ਹੈ। ਹੈਪਾਟਾਈਟਸ ਬੀ ਅਤੇ ਸੀ ਬਿਮਾਰੀ ਦੂਸਿਤ ਸਰਿੰਜਾਂ, ਅਸੁਰੱਖਿਅਤ ਸੈਕਸ ਸਬੰਧ, ਪੀੜੀਤ ਮਰੀਜ਼ ਦਾ ਖੂਨ ਤੰਦਰੁਸਤ ਮਰੀਜ਼ ਦੇ ਲਗਾਉਣ ਨਾਲ, ਗਰਭਵਤੀ ਔਰਤ ਤੋਂ ਨਵਜੰਮੇ ਬੱਚੇ ਨੂੰ ਹੁੰਦੀ ਹੈ। ਨਸ਼ਾ ਕਰਨ ਵਾਲਿਆਂ ਵਿੱਚ ਇਹ ਬਿਮਾਰੀ ਬਹੁਤ ਜਿਆਦਾ ਹੁੰਦੀ ਹੈ ਕਿਉਂਕਿ ਉਹ ਇੱਕ ਹੀ ਸਰਿੰਜ ਦੀ ਵਰਤੋਂ ਕਰਦੇ ਹਨ।

ਉਨ੍ਹਾਂ ਕਿਹਾ ਕਿ ਜੇਕਰ ਹੈਪਾਟਾਈਟਸ ਦਾ ਇਲਾਜ ਨਾ ਕਰਵਾਇਆ ਜਾਵੇ ਤਾਂ ਇਹ ਬਿਮਾਰੀ ਬਹੁਤ ਜਾਨਲੇਵਾ ਅਤੇ ਖਤਰਨਾਕ ਹੋ ਸਕਦੀ ਹੈ। ਹੈਪਾਟਾਈਟਸ ਏ ਅਤੇ ਈ ਤੋਂ ਬਚਣ ਲਈ ਸਾਫ਼ ਸੁਥਰਾ ਪਾਣੀ ਅਤੇ ਖਾਣ ਪੀਣ ਦੀਆਂ ਸਾਫ਼ ਸੁਥਰੀਆਂ ਵਸਤਾਂ ਦੀ ਵਰਤੋਂ ਸਾਫ਼ ਹੱਥਾਂ ਨਾਲ ਕਰਨੀ ਚਾਹੀਦੀ ਹੈ। ਹੈਪਾਟਾਈਟਸ ਬੀ ਅਤੇ ਸੀ ਤੋਂ ਬਚਣ ਲਈ ਸਾਂਝੇ ਦੰਦਾਂ ਦੇ ਬੁਰਸ਼, 

ਵਰਲਡ ਪੰਜਾਬੀ ਟਾਈਮਜ਼ 30 ਜੁਲਾਈ 2025 ਦਿਨ ਬੁੱਧਵਾਰ

## ਇੱਕ ਕਿਤਾਬ ਜਿਸਦੀ ਸ਼ੁਰੂਆਤ ਖੁਸ਼ਹਾਲ ਹੈ ਅਤੇ ਇਸਦਾ ਅੰਤ ਉਦਾਸ ਹੈ।

### ਸਈਦ ਅਮੀਰ ਮਹਿਮੂਦ ਦੀ ਕਿਤਾਬ 'ਹਿੰਗਮ ਸਫਰ' 'ਤੇ ਮਜ਼ੇਦਾਰ ਟਿੱਪਣੀ

ਵਰਲਡ ਪੰਜਾਬੀ ਟਾਈਮਜ਼
ਜ਼ੁਫ਼ਰ ਇਕਬਾਲ ਜ਼ੁਫ਼ਰ

ਸਈਦ ਅਮੀਰ ਮਹਿਮੂਦ ਦੀ ਕਿਤਾਬ 'ਹਿੰਗਮ ਸਫਰ' ਵਿੱਚ, ਉਨ੍ਹਾਂ ਦੀ ਯਾਤਰਾ ਦੌਰਾਨ ਵਾਪਰੀਆਂ ਮਹੱਤਵਪੂਰਨ ਘਟਨਾਵਾਂ ਅਤੇ ਤਜ਼ਰਬਿਆਂ ਦਾ ਵਰਣਨ ਵੱਖ-ਵੱਖ ਸ਼ਹਿਰਾਂ ਦੇ ਹਵਾਲੇ ਨਾਲ ਇਸ ਤਰ੍ਹਾਂ ਕੀਤਾ ਗਿਆ ਹੈ ਕਿ ਪਾਠਕ ਆਪਣੀ ਯਾਤਰਾ ਆਪਣੇ ਪੈਰਾਂ ਹੇਠੋਂ ਲੰਘਦੀ ਮਹਿਸੂਸ ਕਰਨ ਲੱਗ ਪੈਂਦੇ ਹਨ। ਕਿਤਾਬ ਦੇ ਹਰ ਪੰਨੇ ਦੇ ਨਾਲ ਦ੍ਰਿਸ਼ ਵੀ ਬਦਲਦਾ ਹੈ, ਪਰ ਕਈ ਵਾਰ ਮੈਂ ਉਨ੍ਹਾਂ ਦ੍ਰਿਸ਼ਾਂ ਦਾ ਆਨੰਦ ਲੈਣ ਲਈ ਅੱਗੇ ਵਧਣ ਦੀ ਬਜਾਏ ਪਿੱਛੇ ਜਾਣਾ ਪਸੰਦ ਕਰਾਂਗਾ ਜੋ ਮੈਨੂੰ ਆਨੰਦ ਦੀ ਭਾਵਨਾ ਦਿੰਦੇ ਹਨ। ਕਿਤਾਬ ਦੇ ਪਾਠਕ ਨੂੰ ਬਿਨਾਂ ਇੱਕ ਕਦਮ ਚੁੱਕੇ ਦੁਨੀਆ ਦੇ ਦਿਲਚਸਪ ਸਥਾਨਾਂ 'ਤੇ ਲੈ ਜਾਣ ਵਾਲਾ ਲੇਖਕ ਦੱਸਦਾ ਹੈ ਕਿ ਉਸਨੇ ਲਾਹੌਰ ਤੋਂ ਬੁਖਾਰਾ ਅਤੇ ਸਮਰਕੰਦ ਤੱਕ ਬੱਸ ਅਤੇ ਰੇਲ ਰਾਹੀਂ ਯਾਤਰਾ ਕੀਤੀ। ਇਸ ਯਾਤਰਾ ਦੌਰਾਨ, ਉਸਨੂੰ ਪਾਕਿਸਤਾਨ, ਭਾਰਤ ਅਤੇ ਮੱਧ ਏਸ਼ੀਆ ਦੇ ਯਾਤਰੀਆਂ ਨੂੰ ਮਿਲਣ ਦਾ ਮੌਕਾ ਮਿਲਿਆ, ਜੋ ਆਪਣੀ ਯਾਤਰਾ ਦੀਆਂ ਕਹਾਣੀਆਂ ਸੁਣਾ ਰਹੇ ਸਨ। ਸਰਹੱਦਾਂ 'ਤੇ ਇਮੀਗ੍ਰੇਸ਼ਨ ਅਤੇ ਕਸਟਮ ਦੇ ਮੁੱਦੇ ਸਨ, ਅਤੇ ਵੱਖ-ਵੱਖ ਭਾਸ਼ਾਵਾਂ ਦੇ ਲੋਕਾਂ ਨਾਲ ਸੰਚਾਰ ਕਰਨ ਵਿੱਚ ਮੁਸ਼ਕਲਾਂ ਸਨ। ਉਨ੍ਹਾਂ ਨੇ ਸੁਲਤਾਨ ਅਹਿਮਦ ਮਸਜਿਦ, ਹਾਗੀਆ ਸੋਫੀਆ ਅਤੇ ਗਲਾਟਾ ਪੁਲ ਦੇ ਨੇੜੇ ਮੱਛੀ ਦੀ ਰੋਟੀ ਦਾ ਆਨੰਦ ਮਾਣਿਆ। ਲੇਖਕ ਨੇ ਸ਼ਹਿਰ ਦੀ ਸ਼ਾਨ, ਸੁੰਦਰਤਾ ਅਤੇ ਪ੍ਰਾਚੀਨ ਅਤੇ ਆਧੁਨਿਕ ਪਹਿਲੂਆਂ ਨੂੰ ਦੇਖਿਆ, ਅਤੇ ਇਸਦਾ ਵਰਣਨ ਇੰਨੇ ਮਨਮੋਹਕ ਢੰਗ ਨਾਲ ਕੀਤਾ ਕਿ ਪਾਠਕ, ਉਤਸੁਕਤਾ ਵਿੱਚ ਡੁੱਬਿਆ ਹੋਇਆ, ਅਧਿਐਨ ਦੀ ਡੂੰਘਾਈ ਵਿੱਚ ਉਤਰਦਾ ਰਹਿੰਦਾ ਹੈ।




ਲੇਖਕ ਨੇ ਕੈਪਾਡੋਸੀਆ (ਗੋਰਮ) ਵਿੱਚ ਗਰਮ ਹਵਾ ਦੇ ਗੁਬਾਰੇ ਦੀ ਉਡਾਣ ਦਾ ਅਨੁਭਵ ਕੀਤਾ। ਉਸਨੇ ਸੂਰਜ ਚੜ੍ਹਨ ਵੇਲੇ ਸੈਂਕੜੇ ਗੁਬਾਰੇ ਅਸਮਾਨ ਵਿੱਚ ਉੱਠਦੇ ਦੇਖੇ ਅਤੇ ਇਸ ਦ੍ਰਿਸ਼ ਨੂੰ "ਜਾਦੂਈ" ਦੱਸਿਆ। ਇਹ ਖੇਤਰ ਆਪਣੀਆਂ "ਪਰੀਆਂ ਦੀਆਂ ਚਿਮਨੀਆਂ" ਅਤੇ ਜਵਾਲਾਮੁਖੀ ਪਹਾੜਾਂ ਲਈ ਮਸ਼ਹੂਰ ਹੈ।

ਐਥਨਜ਼ ਵਿੱਚ, ਲੇਖਕ ਨੇ ਐਕਰੋਪੋਲਿਸ ਅਤੇ ਪ੍ਰਾਚੀਨ ਯੂਨਾਨੀ ਮੰਦਰਾਂ ਦਾ ਦੌਰਾ ਕੀਤਾ। ਉਸਨੇ ਸ਼ਹਿਰ ਦੀ ਇਤਿਹਾਸਕ ਮਹੱਤਤਾ ਅਤੇ ਕਲਾ ਦੀ ਪ੍ਰਸ਼ੰਸਾ ਕੀਤੀ, ਜਿੱਥੇ ਅਰਸਤੂ, ਪਲੈਟੋ ਅਤੇ ਸੁਕਰਾਤ ਵਰਗੇ ਦਾਰਸ਼ਨਿਕ ਗਿਆਨ ਫੈਲਾਉਂਦੇ ਸਨ। ਉਸਨੇ ਐਥਨਜ਼ ਦੇ ਇਤਿਹਾਸਕ ਸਥਾਨਾਂ ਦੀ ਆਪਣੀ ਯਾਤਰਾ ਦੌਰਾਨ ਫਲੀ ਮਾਰਕੀਟ ਅਤੇ ਯੂਨਾਨੀ ਕੌਫੀ ਦਾ ਵੀ ਆਨੰਦ ਮਾਣਿਆ, ਕਿਉਂਕਿ ਪੜ੍ਹਨ ਨਾਲ ਪਾਠਕ ਦਾ ਦਿਲ ਉਨ੍ਹਾਂ ਥਾਵਾਂ ਦੀ ਪੜਚੋਲ ਕਰਨ ਅਤੇ ਉੱਥੇ ਮੌਜੂਦ ਯਾਦਗਾਰੀ ਵਸਤੂਆਂ ਦੇ ਸੁਆਦਾਂ ਦਾ ਸੁਆਦ ਲੈਣ ਲਈ ਤਰਸਦਾ ਹੈ। ਉਸਨੇ ਵੇਨਿਸ ਵਿੱਚ ਇੱਕ ਗੰਡੋਲਾ ਦੀ ਸਵਾਰੀ ਕੀਤੀ ਅਤੇ ਸੈਨ ਮਾਰਕੋ ਪਲਾਜ਼ਾ ਵਰਗੀਆਂ ਸੁੰਦਰ ਥਾਵਾਂ ਦਾ ਦੌਰਾ ਕੀਤਾ। ਰੋਮ ਦੀ ਪ੍ਰਾਚੀਨ ਵਿਰਾਸਤ ਦੀ ਪੜਚੋਲ ਕਰਨ ਲਈ ਆਪਣੀ ਯਾਤਰਾ ਦੌਰਾਨ, ਲੇਖਕ ਨੇ ਕੋਲੋਸੀਅਮ ਅਤੇ ਪੈਂਥੀਅਨ ਵਰਗੇ ਇਤਿਹਾਸਕ ਸਥਾਨ ਦੇਖੇ। ਉਸਨੇ ਟ੍ਰੇਵੀ ਫਾਊਂਟੇਨ 'ਤੇ ਸਿੱਕੇ ਸੁੱਟਣ ਦੀ ਪਰੰਪਰਾ ਵਿੱਚ ਹਿੱਸਾ ਲਿਆ ਅਤੇ ਲੁਵਰ ਅਜਾਇਬ ਘਰ ਦਾ ਵੀ ਜ਼ਿਕਰ ਕੀਤਾ। ਫਲੋਰੈਂਸ ਵਿੱਚ, ਲੇਖਕ ਨੇ ਸ਼ਹਿਰ ਦੀ ਪੁਨਰਜਾਗਰਣ ਕਲਾ ਅਤੇ ਆਰਕੀਟੈਕਚਰ ਦੀ ਪ੍ਰਸ਼ੰਸਾ ਕੀਤੀ। ਉਸਨੇ ਅਰਨੇ ਨਦੀ, ਪੋਂਟੇ ਵੇਚਿਓ ਅਤੇ ਗੈਂਗਿਰ ਟਾਵਰ ਵਰਗੀਆਂ ਥਾਵਾਂ ਦੇਖੀਆਂ। ਸੇਵਿਲ ਦੀ ਆਪਣੀ ਯਾਤਰਾ ਦੌਰਾਨ, ਲੇਖਕ ਨੇ ਮੀਰਾਡੋਰ ਡੇ ਲਾਸ ਕਾਸਾਸ, ਅਲਕਾਜ਼ਾਰ ਅਤੇ ਪਲਾਜ਼ਾ ਡੇ ਐਸਪਾਨਾ ਦੇਖੇ, ਜੋ ਸ਼ਹਿਰ ਦੀ ਇਸਲਾਮੀ ਵਿਰਾਸਤ ਨੂੰ ਦਰਸਾਉਂਦੇ ਹਨ। ਉਸਨੇ ਬਲਦਾਂ ਦੀ ਲੜਾਈ ਦੀ ਰਿੰਗ ਦਾ ਵੀ ਜ਼ਿਕਰ ਕੀਤਾ। ਕੋਰਡੋਬਾ ਵਿੱਚ, ਲੇਖਕ ਨੇ ਕੋਰਡੋਬਾ ਦੀ ਮਸਜਿਦ ਦਾ ਦੌਰਾ ਕੀਤਾ, ਜੋ ਕਿ ਉਸਦੇ ਲਈ ਇੱਕ ਮਹੱਤਵਪੂਰਨ ਅਤੇ ਵਿਲੱਖਣ ਅਨੁਭਵ ਸੀ। ਉਸਨੇ ਸ਼ਹਿਰ ਦੀ ਇਸਲਾਮੀ ਸਭਿਅਤਾ ਅਤੇ ਸੱਭਿਆਚਾਰ ਦੀਆਂ ਡੂੰਘਾਈਆਂ ਨੂੰ ਮਹਿਸੂਸ ਕੀਤਾ ਅਤੇ ਆਪਣੀ ਕਲਮ ਅਤੇ ਕਿਤਾਬ ਰਾਹੀਂ ਪਾਠਕਾਂ ਦੇ ਦਿਲਾਂ ਅਤੇ ਦਿਮਾਗਾਂ ਵਿੱਚ ਡੋਲ੍ਹਿਆ। ਪ੍ਰਾਗ ਨੂੰ "ਰੋਸ਼ਨੀਆਂ ਦਾ ਸ਼ਹਿਰ" ਕਿਹਾ ਗਿਆ ਹੈ। ਲੇਖਕ ਨੇ ਚਾਰਲਸ ਬ੍ਰਿਜ ਅਤੇ ਪ੍ਰਾਚੀਨ ਖਗੋਲੀ ਘੜੀ ਦੀ ਪ੍ਰਸ਼ੰਸਾ ਕੀਤੀ। ਉਹ ਰਾਤ ਨੂੰ ਸ਼ਹਿਰ ਦੀ ਸੁੰਦਰਤਾ ਅਤੇ ਇਸਦੀ ਪ੍ਰਾਚੀਨ ਵਿਰਾਸਤ ਤੋਂ ਬਹੁਤ ਪ੍ਰਭਾਵਿਤ ਹੋਇਆ। ਐਮਸਟਰਡਮ ਵਿੱਚ, ਲੇਖਕ ਨੇ ਸਾਈਕਲਿੰਗ ਨੂੰ ਸ਼ਹਿਰੀ ਆਵਾਜਾਈ ਦਾ ਇੱਕ ਮਹੱਤਵਪੂਰਨ ਹਿੱਸਾ ਪਾਇਆ। ਉਸਨੇ ਡੈਮ ਸਕੁਏਅਰ ਦਾ ਦੌਰਾ ਕੀਤਾ ਅਤੇ ਸ਼ਹਿਰ ਦੀਆਂ ਬਹੁਤ ਸਾਰੀਆਂ ਨਹਿਰਾਂ ਅਤੇ ਸੁੰਦਰ ਗਲੀਆਂ ਵਿੱਚ ਘੁੰਮਿਆ। ਪੈਰਿਸ ਦੀ ਆਪਣੀ ਯਾਤਰਾ ਦੌਰਾਨ, ਲੇਖਕ ਨੇ ਆਈਫਲ ਟਾਵਰ ਦੇਖਿਆ ਅਤੇ ਇਸਦੀ ਸੁੰਦਰਤਾ ਤੋਂ ਪ੍ਰਭਾਵਿਤ ਹੋਇਆ। ਉਸਨੇ ਸ਼ਹਿਰ ਦੀਆਂ ਰੌਸ਼ਨੀਆਂ ਅਤੇ ਰੋਮਾਂਟਿਕ ਮਾਹੌਲ ਦੀ ਪ੍ਰਸ਼ੰਸਾ ਕੀਤੀ, ਹਾਲਾਂਕਿ ਉਸਨੂੰ ਲੱਗਿਆ ਕਿ ਪੈਰਿਸ ਨੂੰ ਪੂਰੀ ਤਰ੍ਹਾਂ ਦੇਖਣ ਲਈ ਹੋਰ ਸਮਾਂ ਚਾਹੀਦਾ ਹੈ। ਸੇਂਟ ਐਂਡਰਿਊਜ਼ ਆਪਣੀ ਯੂਨੀਵਰਸਿਟੀ ਅਤੇ ਗੋਲਫ ਕੋਰਸ ਲਈ ਮਸ਼ਹੂਰ ਹੈ। ਲੇਖਕ ਨੇ ਸ਼ਹਿਰ ਦੀ ਸ਼ਾਂਤ ਸੁੰਦਰਤਾ ਅਤੇ ਇਸਦੀ ਵਿਦਿਅਕ ਵਿਰਾਸਤ ਦੀ ਪ੍ਰਸ਼ੰਸਾ ਕੀਤੀ। ਓਸਲੋ ਨੂੰ ਇੱਕ ਸੁੰਦਰ ਅਤੇ ਹਰਾ ਸ਼ਹਿਰ ਦੱਸਿਆ ਗਿਆ ਹੈ, ਜਿੱਥੇ ਉੱਚੇ ਪਹਾੜ ਅਤੇ (ਫਜੋਰਡ) ਹਨ। ਲੇਖਕ ਨੇ ਸ਼ਹਿਰ ਦੀ ਸਫਾਈ, ਯੋਜਨਾਬੰਦੀ ਅਤੇ ਕੁਦਰਤੀ ਸੁੰਦਰਤਾ ਦੀ ਪ੍ਰਸ਼ੰਸਾ ਕੀਤੀ। ਆਈਸਲੈਂਡ ਦੀ ਯਾਤਰਾ ਦਾ ਮੁੱਖ ਆਕਰਸ਼ਣ ਉੱਤਰੀ ਰੌਸ਼ਨੀਆਂ ਨੂੰ ਦੇਖਣਾ ਸੀ। ਲੇਖਕ ਨੇ ਝਰਨੇ, ਗਲੇਸ਼ੀਅਰ, ਗਰਮ ਚਸ਼ਮੇ ਅਤੇ ਜਵਾਲਾਮੁਖੀ ਪਹਾੜਾਂ ਸਮੇਤ ਆਈਸਲੈਂਡ ਦੇ ਵਿਲੱਖਣ ਕੁਦਰਤੀ ਦ੍ਰਿਸ਼ਾਂ ਦੀ ਪ੍ਰਸ਼ੰਸਾ ਕੀਤੀ।

ਬਹਿਰੀਨ ਦੀ ਯਾਤਰਾ ਦਾ ਇੱਕ ਮਹੱਤਵਪੂਰਨ ਪਹਿਲੂ ਪੁਰਾਣੇ ਦੋਸਤਾਂ ਅਤੇ ਅਜ਼ੀਜ਼ਾਂ ਨੂੰ ਮਿਲਣਾ ਸੀ। ਲੇਖਕ ਨੇ ਬਹਿਰੀਨ ਦੀ ਮਹਿਮਾਨ ਨਿਵਾਜ਼ੀ ਅਤੇ ਆਪਣੇ ਦੋਸਤ, ਪ੍ਰਸਿੱਧ ਪਾਕਿਸਤਾਨੀ ਕਵੀ ਅਤੇ ਲੇਖਕ ਅਮਜਦ ਇਸਲਾਮ ਅਮਜਦ ਨਾਲ ਇੱਕ ਮਹੱਤਵਪੂਰਨ ਸਮਾਗਮ ਵਿੱਚ ਸ਼ਾਮਲ ਹੋਣ ਦਾ ਜ਼ਿਕਰ ਕੀਤਾ। ਹਰ ਯਾਤਰਾ ਨੇ ਲੇਖਕ ਨੂੰ ਨਵੇਂ ਅਨੁਭਵਾਂ ਅਤੇ ਸੂਝਾਂ ਨਾਲ ਜੋੜਿਆ, ਜਿਸ ਨਾਲ ਦੁਨੀਆ ਦੀ ਉਸਦੀ ਸਮਝ ਵਿੱਚ ਵਾਧਾ ਹੋਇਆ। ਇਹ ਯਾਤਰਾਵਾਂ ਇੱਕ ਸ਼ੀਸ਼ੇ ਵਾਂਗ ਹਨ ਜੋ ਲੇਖਕ ਦੀਆਂ ਯਾਦਾਂ ਨੂੰ ਜਗਾਉਂਦੀਆਂ ਹਨ ਅਤੇ ਉਸਨੂੰ ਜੀਵਨ ਦੀ ਸੁੰਦਰਤਾ ਦੀ ਕਦਰ ਕਰਨ ਦਾ ਮੌਕਾ ਦਿੰਦੀਆਂ ਹਨ। "ਹਿੰਗਮ ਸਫਰ" ਕਿਤਾਬ ਵਿੱਚ ਸਈਅਦ ਆਮਿਰ ਮਹਿਮੂਦ ਦੇ ਯਾਤਰਾ ਟੀਚਿਆਂ ਦਾ ਵਰਣਨ ਵੱਖ-ਵੱਖ ਪਹਿਲੂਆਂ ਤੋਂ ਕੀਤਾ ਗਿਆ ਹੈ।

ਸਈਅਦ ਆਮਿਰ ਮਹਿਮੂਦ ਦਾ ਯਾਤਰਾ ਦਾ ਨਿੱਜੀ ਜਨੂੰਨ ਅਤੇ ਆਨੰਦ ਉਸਦੇ ਸਕੂਲ ਦੇ ਦਿਨਾਂ ਤੋਂ ਹੀ ਸ਼ੁਰੂ ਹੋਇਆ ਸੀ। ਉਸਨੂੰ ਸ਼ਹਿਰਾਂ ਵਿੱਚ ਘੁੰਮਣ ਅਤੇ ਘੁੰਮਣ ਦਾ ਸ਼ੌਕ ਹੈ। ਉਸਨੂੰ ਵੱਖ-ਵੱਖ ਸ਼ਹਿਰਾਂ ਦੇ ਜਾਦੂਈ ਰੰਗਾਂ ਅਤੇ ਭੇਦਾਂ ਨੂੰ ਵੇਖਣ ਵਿੱਚ ਖੁਸ਼ੀ ਅਤੇ ਅਨੰਦ ਮਿਲਦਾ ਹੈ। ਉਸਦੀ ਇਹ ਜਨੂੰਨ ਉਸਦੀ ਯਾਤਰਾ ਦੇ ਪਿੱਛੇ ਮੁੱਖ ਪ੍ਰੇਰਕ ਸ਼ਕਤੀ ਹੈ। ਲੇਖਕ ਦੇ ਮੁੱਖ ਟੀਚਿਆਂ ਵਿੱਚੋਂ ਇੱਕ ਹੈ ਆਪਣੀਆਂ ਯਾਤਰਾਵਾਂ ਦੌਰਾਨ ਪ੍ਰਾਪਤ ਕੀਤੇ ਅਨੁਭਵਾਂ, ਨਿਰੀਖਣਾਂ ਅਤੇ ਯਾਦਾਂ ਨੂੰ ਪਾਠਕਾਂ ਨਾਲ ਸਾਂਝਾ ਕਰਨਾ। ਉਹ ਚਾਹੁੰਦਾ ਹੈ ਕਿ ਪਾਠਕ ਉਸਦੀ ਕਿਤਾਬ ਰਾਹੀਂ ਦੁਨੀਆ ਦੇ ਵੱਖ-ਵੱਖ ਸ਼ਹਿਰਾਂ ਦੀ ਵਰਚੁਅਲ ਯਾਤਰਾ ਕਰਨ ਅਤੇ ਦੁਨੀਆ ਨੂੰ ਉਸਦੀ ਅੱਖਾਂ ਰਾਹੀਂ ਵੇਖਣ ਦੇ ਯੋਗ ਹੋਣ।

ਕਹਾਣੀ ਲਿਖਣ ਪਿੱਛੇ ਲੇਖਕ ਦਾ ਟੀਚਾ ਹਰੇਕ ਸ਼ਹਿਰ ਦਾ ਸੰਖੇਪ ਪਰ ਸੱਚਾ ਇਤਿਹਾਸ ਪ੍ਰਦਾਨ ਕਰਨਾ ਹੈ। ਉਹ ਵੱਖ-ਵੱਖ ਸ਼ਹਿਰਾਂ ਦੇ ਲੋਕਾਂ ਦੇ ਰਹਿਣ-ਸਹਿਣ ਦੀਆਂ ਸਥਿਤੀਆਂ, ਭਾਸ਼ਾਵਾਂ, ਜਲਵਾਯੂ, ਆਰਥਿਕਤਾ ਅਤੇ ਸਮਾਜਿਕ ਸਥਿਤੀਆਂ ਦਾ ਵਰਣਨ ਕਰਨਾ ਚਾਹੁੰਦਾ ਹੈ। ਇਸ ਕਿਤਾਬ ਦੇ ਟੀਚਿਆਂ ਵਿੱਚੋਂ ਇੱਕ ਹੈ ਪਾਠਕਾਂ ਦੀ ਦੁਨੀਆ ਪ੍ਰਤੀ ਸਮਝ ਨੂੰ ਵਧਾਉਣਾ ਅਤੇ ਉਹਨਾਂ ਨੂੰ ਨਵੀਂ ਸੂਝ ਪ੍ਰਦਾਨ ਕਰਨਾ। ਸਈਅਦ ਆਮਿਰ ਮਹਿਮੂਦ ਦਾ ਇਹ ਯਾਤਰਾ ਬਿਰਤਾਂਤ ਉਰਦੂ ਸਾਹਿਤ ਅਤੇ ਯਾਤਰਾ ਵਿਧਾ ਵਿੱਚ ਦਿਲਚਸਪੀ ਵਧਾਉਣ ਲਈ ਵੀ ਲਿਖਿਆ ਗਿਆ ਸੀ। ਇਸਦਾ ਉਦੇਸ਼ ਵਿਦਿਅਕ ਸੋਚ ਨੂੰ ਉਤਸ਼ਾਹਿਤ ਕਰਨਾ ਹੈ ਅਤੇ ਮਾਈਨਿੰਗ ਵਾਤਾਵਰਣ ਨੂੰ ਬਿਹਤਰ ਬਣਾਉਣ ਦੀ ਵੀ ਲੋੜ ਸੀ।

ਸਈਅਦ ਆਮਿਰ ਮਹਿਮੂਦ, ਜਿਨ੍ਹਾਂ ਦੇ ਪੇਸ਼ੇਵਰ ਅਤੇ ਖੋਜ ਹਿੱਤ ਸਿੱਖਿਆ ਅਤੇ ਸਮਾਜਿਕ ਵਿਕਾਸ ਦੇ ਖੇਤਰ ਵਿੱਚ ਹਨ, ਨੇ ਪਾਕਿਸਤਾਨ ਅਤੇ ਮੱਧ ਏਸ਼ੀਆ ਵਿੱਚ ਸਿੱਖਿਆ ਮੁੱਦਿਆਂ 'ਤੇ ਵੀ ਵਿਆਪਕ ਖੋਜ ਕੀਤੀ ਹੈ। ਹਾਲਾਂਕਿ ਕਿਤਾਬ ਹਰੇਕ ਯਾਤਰਾ ਦੇ ਪੇਸ਼ੇਵਰ ਉਦੇਸ਼ ਨੂੰ ਸਪੱਸ਼ਟ ਤੌਰ 'ਤੇ ਨਹੀਂ ਦੱਸਦੀ ਹੈ, ਪਰ ਉਨ੍ਹਾਂ ਦਾ ਪਿਛੋਕੜ ਦਰਸਾਉਂਦਾ ਹੈ ਕਿ ਉਨ੍ਹਾਂ ਦੀਆਂ ਅਕਾਦਮਿਕ ਅਤੇ ਖੋਜ ਰੁਚੀਆਂ ਉਨ੍ਹਾਂ ਦੀਆਂ ਯਾਤਰਾਵਾਂ ਨੂੰ ਚਲਾ ਰਹੀਆਂ ਹੋਣਗੀਆਂ, ਖਾਸ ਕਰਕੇ ਮੱਧ ਏਸ਼ੀਆ ਵਿੱਚ, ਜਿਵੇਂ ਕਿ ਬੁਖਾਰਾ ਅਤੇ ਸਮਰਕੰਦ ਦੀਆਂ ਉਨ੍ਹਾਂ ਦੀਆਂ ਯਾਤਰਾਵਾਂ, ਅਤੇ ਉਹ ਸ਼ਹਿਰਾਂ ਦੀ ਸੱਭਿਆਚਾਰਕ ਅਤੇ ਵਿਦਿਅਕ ਵਿਰਾਸਤ ਦੀ ਡੂੰਘਾਈ ਨਾਲ ਜਾਂਚ ਕਰਨ ਵਿੱਚ ਦਿਲਚਸਪੀ ਰੱਖਦੇ ਸਨ। ਇਸ ਤਰ੍ਹਾਂ, ਸਈਅਦ ਆਮਿਰ ਮਹਿਮੂਦ ਦੀਆਂ ਯਾਤਰਾਵਾਂ ਇੱਕ ਖੁੱਲ੍ਹੀ ਕਿਤਾਬ ਵਾਂਗ ਸਨ, ਜਿੱਥੇ ਹਰ ਪੰਨਾ ਨਵੀਆਂ ਥਾਵਾਂ ਦੀ ਕਹਾਣੀ, ਸੱਭਿਆਚਾਰਾਂ ਦੇ ਰੰਗਾਂ ਅਤੇ ਨਿੱਜੀ ਨਿਰੀਖਣਾਂ ਦੇ ਮੋਤੀਆਂ ਨਾਲ ਸ਼ਿੰਗਾਰਿਆ ਹੋਇਆ ਹੈ, ਜਿਸਦਾ ਉਦੇਸ਼ ਆਪਣੇ ਆਪ ਦਾ ਆਨੰਦ ਮਾਣਨਾ ਹੈ ਅਤੇ ਨਾਲ ਹੀ ਦੂਜਿਆਂ ਨੂੰ ਦੁਨੀਆ ਦੇ ਅਜੂਬਿਆਂ ਬਾਰੇ ਜਾਗਰੂਕ ਕਰਨਾ ਹੈ।

ਸਈਅਦ ਅਮੀਰ ਮਹਿਮੂਦ, ਜਿਨ੍ਹਾਂ ਨੇ ਆਪਣੀਆਂ ਮੁਸ਼ਕਲ ਯਾਤਰਾਵਾਂ ਰਾਹੀਂ ਦੁਨੀਆ ਦੇ ਅਦਭੁਤ ਸਥਾਨਾਂ ਦੇ ਦ੍ਰਿਸ਼ਾਂ ਦੀਆਂ ਸੈਂਕੜੇ ਝਲਕੀਆਂ ਦੇਖ ਕੇ ਪਾਠਕਾਂ ਦੀ ਉੱਥੇ ਜਾਣ ਦੀ ਇੱਛਾ ਨੂੰ ਆਪਣੇ ਕਬਜ਼ੇ ਵਿੱਚ ਕਰ ਲਿਆ, ਨੇ ਪਾਕਿਸਤਾਨ ਦੇ ਆਜ਼ਾਦੀ ਦਿਵਸ, ਯਾਨੀ 14 ਅਗਸਤ, 2023 ਨੂੰ ਲਾਹੌਰ ਵਿੱਚ ਪਾਕਿਸਤਾਨ ਸਰਕਾਰ ਤੋਂ ਵਿਲੱਖਣਤਾ ਦਾ ਤਗਮਾ ਪ੍ਰਾਪਤ ਕੀਤਾ, ਅਤੇ ਉਨ੍ਹਾਂ ਲੋਕਾਂ ਵਿੱਚ ਸ਼ਾਮਲ ਹੋਏ ਜਿਨ੍ਹਾਂ ਦੇ ਮੱਥੇ 'ਤੇ ਇਹ ਪਵਿੱਤਰ ਧਰਤੀ ਮਾਂ ਵਾਂਗ ਚੁੰਮਦੀ ਹੈ ਅਤੇ ਕਹਿੰਦੀ ਹੈ, "ਤੂੰ ਮੇਰੀ ਹੈਂ।" ਮੇਰੇ ਪਿਆਰੇ... ਆਪਣੇ ਲੇਜ਼ਵੰਦ ਬੱਚਿਆਂ ਦੀ ਦੇਖਭਾਲ ਕਰਨ 'ਤੇ ਮਾਣ ਹੈ।

ਇੱਕ ਸੈਲਾਨੀ ਅਤੇ ਇੱਕ ਯਾਤਰੀ ਦੀ ਸਥਿਤੀ ਵਿੱਚ ਅੰਤਰ ਨੂੰ ਦਰਸਾਉਂਦੇ ਹੋਏ, ਇਹ ਕਿਹਾ ਗਿਆ ਸੀ ਕਿ ਇੱਕ ਯਾਤਰੀ ਆਪਣੀ ਯਾਤਰਾ ਦੀ ਸ਼ੁਰੂਆਤ ਵਿੱਚ ਉਦਾਸ ਅਤੇ ਅੰਤ ਵਿੱਚ ਖੁਸ਼ ਹੁੰਦਾ ਹੈ, ਜਦੋਂ ਕਿ ਇੱਕ ਸੈਲਾਨੀ ਆਪਣੀ ਯਾਤਰਾ ਦੀ ਸ਼ੁਰੂਆਤ ਵਿੱਚ ਖੁਸ਼ ਅਤੇ ਅੰਤ ਵਿੱਚ ਉਦਾਸ ਹੁੰਦਾ ਹੈ। ਹਿੰਗਮ ਸਫ਼ਰ ਵੀ ਇੱਕ ਅਜਿਹੀ ਕਿਤਾਬ ਹੈ ਜੋ ਪਾਠਕ ਨੂੰ ਆਪਣੇ ਅਧਿਐਨ ਦੀ ਸ਼ੁਰੂਆਤ ਵਿੱਚ ਖੁਸ਼ ਅਤੇ ਅੰਤ ਵਿੱਚ ਉਦਾਸ ਹੋਣ ਦੀ ਸਥਿਤੀ ਨਾਲ ਛੱਡ ਦਿੰਦੀ ਹੈ।

ਹਿੰਗਮ ਸਫਰ ਦੇ ਖਰੜੇ ਨੂੰ ਪੜ੍ਹਨ ਤੋਂ ਬਾਅਦ, ਖ਼ਲਿਦ ਮਸੂਦ ਖਾਨ ਨੇ ਕਿਤਾਬ ਦੀ ਜਾਣ-ਪਛਾਣ ਦੀਆਂ ਸ਼ੁਰੂਆਤੀ ਵਿਸ਼ੇਸ਼ਤਾਵਾਂ ਵਿੱਚ ਜੋ ਪ੍ਰਗਟਾਵਾ ਸ਼ਾਮਲ ਕੀਤਾ ਹੈ, ਉਹ ਇੱਕ ਪ੍ਰਭਾਵਸ਼ਾਲੀ ਵਿਆਖਿਆ ਹੈ ਜਿਸਨੇ ਮੇਰੇ ਵਰਗੇ ਲੇਖਕ ਨੂੰ ਵੀ ਹੈਰਾਨ ਕਰ ਦਿੱਤਾ ਅਤੇ ਸਈਅਦ ਆਮਿਰ ਮਹਿਮੂਦ ਸਾਹਿਬ ਕਿਤਾਬ ਦੇ ਅੰਤ ਤੱਕ ਉਸ ਹੈਰਾਨੀ ਤੋਂ ਉਭਰ ਨਹੀਂ ਸਕੇ। ਜਿੱਥੇ ਉਨ੍ਹਾਂ ਨੇ ਉਨ੍ਹਾਂ ਦੇਸ਼ਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਦੇ ਸਮਰਥਨ ਨੇ ਇੱਕ ਜਾਂ ਦੂਜੇ ਤਰੀਕੇ ਨਾਲ ਕਿਤਾਬ ਵਿੱਚ ਦਿਖਾਏ ਗਏ ਦ੍ਰਿਸ਼ਾਂ ਦੀ ਸੁੰਦਰਤਾ ਨੂੰ ਵਧਾਇਆ ਸੀ, ਉੱਥੇ ਉਨ੍ਹਾਂ ਨੇ ਖੁੱਲ੍ਹ ਕੇ ਉਨ੍ਹਾਂ ਖਰਚਿਆਂ ਦਾ ਜ਼ਿਕਰ ਨਹੀਂ ਕੀਤਾ ਜਿਨ੍ਹਾਂ ਕਾਰਨ ਸਾਰੀਆਂ ਯਾਤਰਾਵਾਂ ਪੂਰੀਆਂ ਹੋਈਆਂ, ਪਰ ਮੇਰਾ ਅੰਦਾਜ਼ਾ ਹੈ ਕਿ ਇਹ ਇੱਕ ਅਸਾਧਾਰਨ ਰਕਮ ਹੈ ਜਿਸ ਨੇ ਪ੍ਰਾਪਤ ਕੀਤੀਆਂ ਯਾਤਰਾਵਾਂ ਦਾ ਆਨੰਦ ਕਿਤਾਬ ਦੇ ਮਾਮੂਲੀ ਹਿੱਸੇ ਦੇ ਪਾਠਕਾਂ ਦੀ ਪਹੁੰਚ ਵਿੱਚ ਲਿਆ ਹੈ। ਲੇਖਕ ਅਤੇ ਕਿਤਾਬ ਲਈ ਖੁੱਲ੍ਹੇ ਮਨਾਂ ਦੀ ਹਵਾ ਸਾਹ ਲੈਣ ਲਈ ਕਲਮ ਦੇ ਇਹ ਰੋਜ਼ਾਨਾ ਯਤਨ ਥੋਪੀਆਂ ਗਈਆਂ ਤਕਨਾਲੋਜੀ ਦੇ ਯੁੱਗ ਵਿੱਚ ਜੇਹਾਦ ਮੰਨੇ ਜਾਂਦੇ ਹਨ।

## ਸੰਤਾਲੀ ਦੇ ਪੀੜ੍ਹਤਾਂ ਦੀ ਮਦਦ ਕਰਨ ਵਾਲੇ ਹੈਡਮਾਸਟਰ ਇੰਦਰ ਸਿੰਘ ਢੀ